# NEWS

**Ministry of Government Services**

## ਸਰਕਾਰੀ ਸੇਵਾਵਾਂ ਤੱਕ ਪਹੁੰਚ ਵਿੱਚ ਉਨੱਤੀ

*ਓਨਟਾਰੀਓ ਸਰਕਾਰ, ਹੈਲਥ ਕਾਰਡ ਅੱਤੇ ਡਰਾਇਵਰ ਲਇਸੈਂਸ ਦੇ ਨਵਿਆਉਣ (ਰਿਨੀਊਨਲ) ਨੂੰ ਇੱਕ ਹੀ ਛੱਤ ਹੇਠਾਂ ਲਿਆ ਰਹੀ ਹੈ*

**ਸਮਾਚਾਰ:** ਜੁਲਾਈ 22,2009

ਸਰਕਾਰੀ ਸੇਵਾਵਾਂ ਵਿੱਚ ਸੁਧਾਰ ਲਿਆਂਦਾ ਜਾ ਰਿਹਾ ਹੈ ਤਾਂ ਜੋ ਓਨਟਾਰੀਓ ਨਿਵਾਸੀਆਂ ਨੂੰ ਹੈਲਥ ਕਾਰਡ, ਡਰਾਈਵਰ ਲਾਈਸੈਂਸ ਅੱਤੇ ਗੱਡੀ ਦੇ ਪੰਜੀਕਰਨ ਦੀਆਂ ਸੇਵਾਵਾਂ ਲਈ ਸਿਰਫ ਇੱਕ ਵਾਰ ਅੱਤੇ ਇੱਕ ਹੀ ਜਗ੍ਹਾ ਜਾਣ ਦੀ ਜ਼ਰੂਰਤ ਪਵੇ।

ਅਗਲੇ ਕੁਝ ਮਹੀਨਿਆਂ ਦੌਰਾਨ, ਸਰਵਿਸ-ਓਨਟਾਰੀਓ ਜੋ ਸੁਧਾਰ ਕਰ ਰਿਹਾ ਹੈ ਉਸ ਦੇ ਅਧੀਨ:

- ਹੈਲਥ ਕਾਰਡ ਸੇਵਾਵਾਂ 27 OHIP ਦਫਤਰਾਂ ਤੋਂ ਵਧਾ ਕੇ 300 ਇਨਟੀਗ੍ਰੇਟਿਡ ਸਰਵਿਸ-ਓਨਟਾਰੀਓ ਕੇਂਦਰਾਂ ਵਿੱਚ ਉਪਲਭਧ ਹੋਣਗੀਆਂ।
- ਡਰਾਈਵਰ ਲਾਈਸੈਂਸ ਅੱਤੇ ਗੱਡੀ ਦੇ ਪੰਜੀਕਰਣ ਦੀਆਂ ਸੇਵਾਵਾਂ ਵੀ ਸਾਰੇ 300 ਕੇਂਦਰਾਂ ਵਿੱਚ ਉਪਲਭਧ ਹੋਣਗੀਆਂ।
- ਔਨਲਾਈਨ ਮੰਗੇ ਜਾਣ 'ਤੇ ਗੱਡੀ ਦਾ ਪੰਜੀਕਰਣ ਸਟਿੱਕਰ, ਤੁਹਾਡੇ ਤੱਕ 5 ਦਿਨਾਂ ਵਿੱਚ ਪਹੁੰਚ ਜਾਵੇਗਾ।

ਇਹ ਤਬਦੀਲੀਆਂ ਕਾਰਣ ਓਨਟਾਰੀਓ ਨਿਵਾਸੀਆਂ ਨੂੰ, ਖਾਸ ਕਰਕੇ ਗਰਾਮੀਣ ਅੱਤੇ ਉੱਤਰੀ ਕਮਿਊਨਿਟੀਆਂ ਨੂੰ, ਹੁਣ ਤੱਕ ਪ੍ਰਾਪਤ ਹੋਣ ਵਾਲੀਆਂ ਸਧਾਰਣ ਸਰਕਾਰੀ ਸੇਵਾਵਾਂ ਦੀ ਤੁਲਨਾ ਵਿੱਚ ਵਧੇਰੇ ਸੇਵਾਵਾਂ ਪ੍ਰਾਪਤ ਕਰਨ ਦਾ ਮੌਕਾ ਪ੍ਰਾਪਤ ਹੋਵੇਗਾ। 95% ਓਨਟਾਰੀਓ ਨਿਵਾਸੀ ਇਨਟੀਗ੍ਰੇਟਡ ਸਰਵਿਸ ਓਨਟਾਰੀਓ ਕੇਂਦਰਾਂ ਤੋਂ 10 ਕਿਲੋਮੀਟਰ ਦੇ ਦਾਇਰੇ ਵਿੱਚ ਹੋਣਗੇ।

ਇਸ ਮੌਕੇ ਤੇ ਸਰਕਾਰੀ ਸੇਵਾਵਾਂ ਦੇ ਮੰਤਰੀ ਹਰਿੰਦਰ ਤੱਖਰ ਨੇ ਕਿਹਾ, "ਓਨਟਾਰੀਓ ਨਿਵਾਸੀ ਇਹ ਉਮੀਦ ਕਰਦੇ ਹਨ ਕਿ ਸਰਕਾਰ ਉਨ੍ਹਾਂ ਦੇ ਟੈਕਸ ਡਾਲਰਾਂ ਦਾ ਸਹੀ ਇਸਤੇਮਾਲ ਕਰਕੇ ਉੱਤਮ ਗਾਹਕ ਸੇਵਾਵਾਂ ਪ੍ਰਦਾਨ ਕਰੇ ਜਿਸ ਦੀ ਇਨ੍ਹਾਂ ਨੂੰ ਜ਼ਰੂਰਤ ਹੈ ਅੱਤੇ ਜਿਸ ਦੇ ਇਹ ਹੱਕਦਾਰ ਹਨ। ਸਰਵਿਸ-ਓਨਟਾਰੀਓ ਇਨ੍ਹਾ ਸੇਵਾਵਾਂ ਨੂੰ ਇੱਕਠਾ ਅੱਤੇ ਇੱਕ ਥਾਂ ਕਰ ਰਿਹਾ ਹੈ ਤਾਂ ਜੋ ਲੋਕਾਂ ਦਾ ਕੰਮ ਘੱਟ ਸਮੇਂ ਵਿੱਚ ਅੱਤੇ ਵਧੇਰੀ ਆਸਾਨੀ ਨਾਲ ਹੋ ਸਕੇ।"

ਹੁਣ ਤੱਕ ਸਿਰਫ 2 ਸਰਵਿਸ-ਓਨਟਾਰੀਓ ਕੇਂਦਰ, ਹੈਲਥ ਕਾਰਡ, ਡਰਾਇਵਰ ਲਾਇਸੈਂਸ ਅਤੇ ਗੱਡੀ ਦੀਆਂ ਪੰਜੀਕਰਣ ਸੇਵਾਵਾਂ ਇੱਕ ਹੀ ਛੱਤ ਦੇ ਹੇਠਾਂ ਪ੍ਰਦਾਨ ਕਰਦੇ ਹਨ।
ਗਰਾਮੀਣ ਕਮਿਊਨਿਟੀਆਂ ਅੱਤੇ ਉਤਰੀ ਕਮਿਊਨਿਟੀਆਂ ਲਈ ਹੈਲਥ ਕਾਰਡਾਂ ਦੀ ਸੇਵਾ 2 ਸਰਵਿਸ-ਓਨਟਾਰੀਓ ਕੇਂਦਰਾਂ ਤੋਂ ਵਧਾ ਕੇ 163 ਤੱਕ ਕਰ ਦਿੱਤੀ ਜਾਵੇਗੀ।
ਔਨਲਾਈਨ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਵਿੱਚ ਕੁੱਝ ਸੇਵਾਵਾਂ ਇਹ ਹਨ – ਪਤੇ ਵਿੱਚ ਤਬਦੀਲੀ, ਜਨਮ ਸਰਟੀਫੀਕੇਟ ਅਤੇ ਆਊਟ-ਡੋਰ ਕਾਰਡ ਰਿਨਿਊਅਲ।

**ਹੋਰ ਜਾਣਕਾਰੀ ਲਈ:**

ਸਰਵਿਸ-ਓਨਟਾਰੀਓ ਦੁਆਰਾ ਪ੍ਰਸਤੁਤ ਸੇਵਾਵਾਂ services ਬਾਰੇ

ਸਭ ਤੋਂ ਨਜ਼ਦੀਕ ਸਥਾਨ location ਦੀ ਭਾਲ ਕਰੋ

Sarbjit Kaur, Minister's Office, 416-327-0125
Ciaran Ganley, Communications Branch, 416-325-8659